# ਈਸਟਰ ਸੀਲਜ ਓਨਟਾਰੀਓ

## ਪਰਿਵਰਤਨਾਂ ਦੌਰਾਨ ਪਹੁੰਚਣਯੋਗਤਾ ਬਾਬਤ ਮਾਪਿਆਂ ਲਈ ਨੁਕਤੇ

ਅਪੰਗਤਾ ਵਾਲੇ ਬਹੁਤ ਸਾਰੇ ਵਿਦਿਆਰਥੀਆਂ ਵਾਸਤੇ, ਸਕੂਲ ਵਿਖੇ ਪਹੁੰਚਣਯੋਗਤਾ ਇੱਕ ਵੱਡਾ ਤੌਖਲਾ ਹੁੰਦੀ ਹੈ। ਤੁਹਾਡੇ ਬੱਚੇ ਨੂੰ ਨਿਮਨਲਿਖਤ ਵਿੱਚੋਂ ਕਿਸੇ ਇੱਕ ਜਾਂ ਵਧੇਰੇ ਚੀਜ਼ਾਂ ਨਾਲ ਸਮੱਸਿਆਵਾਂ ਹੋ ਸਕਦੀਆਂ ਹਨ:

- ਚੱਲਣ-ਫਿਰਨ ਯੋਗਤਾ ਦੇ ਮਸਲੇ (ਕਿਸੇ ਕਮਰੇ ਵਿੱਚ ਇੱਧਰ-ਉੱਧਰ ਆਉਣ-ਜਾਣ ਵਿੱਚ ਮੁਸ਼ਕਿਲ, ਜਾਂ ਕਿਸੇ ਵਾਕਰ ਜਾਂ ਵੀਲ੍ਹਚੇਅਰ ਦੀ ਵਰਤੋਂ ਕਰਨਾ)
- ਮਹੀਨ ਮੋਟਰ ਮੁਹਾਰਤਾਂ (ਉਂਗਲ ਦੀ ਨਿਪੁੰਨਤਾ ਜਾਂ ਪਕੜ) ਜਾਂ
- ਵੱਡੀਆਂ ਮੋਟਰ ਮੁਹਾਰਤਾਂ (ਵੱਡੀ ਮਾਸਪੇਸ਼ੀ ਦੀਆਂ ਹਰਕਤਾਂ ਜਿਵੇਂ ਕਿ ਖੜ੍ਹਨਾ, ਬੈਠਣਾ, ਲੋਟਣੀ ਖਾਣਾ)
- ਦ੍ਰਿਸ਼ਟੀ (ਅੰਨ੍ਹਾਪਣ ਜਾਂ ਨਿਮਨ ਦ੍ਰਿਸ਼ਟੀ)
- ਸੁਣਨ ਸ਼ਕਤੀ (ਬੋਲ਼ਾਪਣ ਜਾਂ ਉੱਚਾ ਸੁਣਨਾ)
- ਸੰਵੇਦੀ ਵਿਕਾਰ (ਛੋਹ, ਸੁਣਨ, ਦ੍ਰਿਸ਼ਟੀ, ਗੰਧ, ਹਰਕਤ ਅਤੇ ਸਰੀਰਕ ਚੇਤਨਾ ਦੀਆਂ ਵਧੀਆਂ ਜਾਂ ਘਟੀਆਂ ਸੰਵੇਦਨਾਵਾਂ

ਹਰੇਕ ਪਰਿਵਰਤਨ ਪੁਆਇੰਟ ’ਤੇ ਪਹੁੰਚਣਯੋਗਤਾ ਬਾਰੇ ਸ਼ੰਕਿਆਂ ਦੇ ਵਾਪਰਨ ਦੀ ਸੰਭਾਵਨਾ ਹੁੰਦੀ ਹੈ, ਖਾਸ ਕਰਕੇ ਸਕੂਲ ਜਾਣਾ ਸ਼ੁਰੂ ਕਰਨ ਜਾਂ ਸਕੂਲ ਬਦਲਣ ਸਮੇਂ।

### ਨੁਕਤਾ 1



**ਵਿਚਾਰਨ ਵਾਸਤੇ ਪਹੁੰਚਣਯੋਗਤਾ ਦੀਆਂ ਕਿਸਮਾਂ:**

1. ਸ਼ਰਵਣ ਵਿਗਿਆਨ – ਸੁਣਨ ਸਬੰਧੀ ਸਹਾਇਤਾ ਪ੍ਰਣਾਲੀਆਂ ਜਿਵੇਂ ਕਿ ਸਾਊਂਡ ਫੀਲਡਜ਼ ਅਤੇ FM ਸਿਸਟਮਜ਼
2. ਸਹਾਇਤਾਕਾਰੀ ਤਕਨਾਲੋਜੀ (AT) ਜਿਸ ਵਿੱਚ ਸਿੱਖਣ ਵਿੱਚ ਮਦਦ ਕਰਨ ਲਈ ਕੰਪਿਊਟਰ ਅਤੇ ਸਾਫਟਵੇਅਰ ਸ਼ਾਮਲ ਹਨ
3. ਇਮਾਰਤਾਂ – ਦਲਾਨ, ਪ੍ਰਵੇਸ਼ ਤੱਕ ਪਹੁੰਚ, ਮੰਜਿਲਾਂ ਵਿਚਕਾਰ ਪਹੁੰਚ, ਅਗਨ ਨਿਕਾਸ (fire exits), ਆਦਿ।
4. ਜਮਾਤ ਦੇ ਕਮਰੇ – ਡੈਸਕ ਦਾ ਆਕਾਰ, ਡੈਸਕਾਂ ਵਿਚਕਾਰ ਰਸਤਾ, ਖਿੜਕੀਆਂ, ਕੰਪਿਊਟਰ ਸਟੇਸ਼ਨ, ਸ਼ਰਵਣ ਵਿਗਿਆਨ ਆਦਿ।
5. ਸੰਕਟਕਾਲੀ ਪ੍ਰਕਿਰਿਆਵਾਂ ਅਤੇ ਨਿਕਾਸੀ
6. ਲਾਇਬਰੇਰੀ, ਜਿਮਨੇਜੀਅਮ, ਆਡੀਟੋਰੀਅਮ (ਸੀਟਾਂ ਅਤੇ ਸਟੇਜ), ਵਿਗਿਆਨਕ ਪ੍ਰਯੋਗਸ਼ਾਲਾਵਾਂ, ਗਰੀਨਹਾਊਸ, ਹੋਰ ਵਿਸ਼ੇਸ਼ਤਾਬੱਧ ਜਮਾਤ ਦੇ ਕਮਰੇ
7. ਖੇਡ-ਮੈਦਾਨ, ਖੇਡਾਂ ਦੇ ਫੀਲਡ, ਪਾਰਕਿੰਗ ਲਾਟ
8. ਸੰਵੇਦੀ ਉਤੇਜਨਾ ਵਿੱਚ ਸੁਧਾਰ ਕਰਨ ਲਈ ਜਾਂ ਇਸਨੂੰ ਘੱਟ ਕਰਨ ਲਈ ਸੰਵੇਦੀ ਸਥਾਨ ਅਤੇ ਸਾਜੋ-ਸਾਮਾਨ
9. ਆਵਾਜਾਈ ਦੇ ਸਾਧਨ – ਸਕੂਲ ਬੱਸ ਜਾਂ ਆਵਾਜਾਈ ਸਾਧਨਾਂ ਦੀਆਂ ਹੋਰ ਕਿਸਮਾਂ
10. ਦ੍ਰਿਸ਼ਟੀ ਸਬੰਧੀ ਸਹਾਇਤਾਵਾਂ – ਵੱਡੇ ਛਾਪੇ ਵਾਲੀਆਂ ਸਮੱਗਰੀਆਂ, ਰੋਸ਼ਨੀ, ਦ੍ਰਿਸ਼ਟੀਮਾਨ ਵਖਰੇਵੇਂ ਵਿੱਚ ਸੁਧਾਰ ਕਰਨ ਲਈ ਰੰਗ ਦੀ ਵਰਤੋਂ, ਜਾਂ ਸੰਕਟਕਾਲੀਨ ਰੋਸ਼ਨੀਆਂ
11. ਵਾਸ਼ਰੂਮ ਅਤੇ ਕੱਪੜੇ ਬਦਲਣ ਦੇ ਕਮਰੇ – ਕੱਪੜੇ ਬਦਲਣ ਲਈ ਮੇਜ਼, ਸਾਈਜ਼, ਸਿੰਕ, ਟੂਟੀਆਂ, ਸ਼ਾਵਰ, ਸ਼ੀਸ਼ੇ, ਆਦਿ।

## ਨੁਕਤਾ 2



**ਕਿਸੇ ਨਵੇਂ ਸਕੂਲ ਵਿਖੇ ਸ਼ੁਰੂਆਤ ਕਰਨਾ:**

1. ਆਪਣੇ ਬੱਚੇ ਦੀਆਂ ਲੋੜਾਂ ਅਤੇ ਪਛਾਣੀਆਂ ਗਈਆਂ ਕਿਸੇ ਵੀ ਰੁਕਾਵਟਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸਕੂਲੀ ਅਮਲੇ ਨੂੰ ਮਿਲੋ
2. ਨਵੇਂ ਸਕੂਲ ਵਿੱਚ ਫੇਰੀ ਪਾਓ ਅਤੇ ਪਹੁੰਚਣਯੋਗਤਾ ਬਾਰੇ ਪਤਾ ਕਰਨ ਲਈ ਸਵਾਲ ਪੁੱਛੋ
3. ਪਹੁੰਚਣਯੋਗਤਾ ਵਿੱਚ ਸੁਧਾਰ ਕਰਨ ਬਾਬਤ ਕਿਸੇ ਵੀ ਅਜਿਹੇ ਵਿਚਾਰਾਂ ਜਾਂ ਸਰੋਤਾਂ ਨੂੰ ਸਾਂਝਾ ਕਰੋ ਜੋ ਤੁਹਾਡੇ ਕੋਲ ਹਨ
4. ਪਤਾ ਕਰੋ ਕਿ ਤੁਹਾਡੇ ਬੱਚੇ ਵਾਸਤੇ ਪਹੁੰਚਣਯੋਗਤਾ ਵਿੱਚ ਸੁਧਾਰ ਕਰਨ ਲਈ ਸਕੂਲ ਕੀ ਯੋਜਨਾ ਬਣਾਉਂਦਾ ਹੈ ਅਤੇ ਤਬਦੀਲੀਆਂ ਕਦੋਂ ਕੀਤੀਆਂ ਜਾਣਗੀਆਂ
5. ਜੇ ਤੁਸੀਂ ਆਪਣੇ ਬੱਚੇ ਵਾਸਤੇ ਪਹੁੰਚਣਯੋਗਤਾ ਯੋਜਨਾ ਤੋਂ ਸੰਤੁਸ਼ਟ ਨਹੀਂ ਹੋ ,ਉਦਾਹਰਨ ਲਈ ਸਕੂਲ ਦੇ ਕੁਝ ਖੇਤਰ ਤੁਹਾਡੇ ਬੱਚੇ ਵਾਸਤੇ ਪਹੁੰਚਣਯੋਗ ਨਹੀਂ ਹਨ ,ਤਾਂ ਸਕੂਲ ਨਾਲ ਜਾਂ ਵਧੇਰੇ ਸੀਨੀਅਰ ਅਮਲੇ ਦੇ ਨਾਲ ਇੱਕ ਹੋਰ ਬੈਠਕ ਵਾਸਤੇ ਪੁੱਛੋ

## ਨੁਕਤਾ 3




**ਇੱਕ ਵਾਰ ਜਦ ਤੁਹਾਡੇ ਬੱਚੇ ਨੇ ਸਕੂਲ ਵਿਖੇ ਸ਼ੁਰੂਆਤ ਕਰ ਦਿੱਤੀ ਹੈ:**

1. ਇਹ ਯਕੀਨੀ ਬਣਾਉਣ ਲਈ ਜਾਂਚ ਕਰੋ ਕਿ ਪਹੁੰਚਣਯੋਗਤਾ ਬਾਰੇ ਸਾਰੇ ਸ਼ੰਕਿਆਂ ਨੂੰ ਹੱਲ ਕਰ ਦਿੱਤਾ ਗਿਆ ਹੈ। ਜੇ ਤੁਹਾਡੇ ਕੋਈ ਸ਼ੰਕੇ ਹਨ ਤਾਂ ਅਧਿਆਪਕ ਦੇ ਨਾਲ ਗੱਲ ਕਰੋ ਜਾਂ ਪ੍ਰਿੰਸੀਪਾਲ ਦੇ ਨਾਲ ਬੈਠਕ ਬਾਰੇ ਪੁੱਛੋ
2. ਸਕੂਲੀ ਅਮਲੇ ਦੇ ਨਾਲ ਬਕਾਇਦਾ ਸੰਚਾਰ ਬਣਾਕੇ ਰੱਖੋ ਅਤੇ ਸ਼ੰਕਿਆਂ ਨੂੰ ਇਹਨਾਂ ਦੇ ਖੜ੍ਹੇ ਹੋਣ ਸਾਰ ਨਵਿਰਤ ਕਰੋ

## ਨੁਕਤਾ 4



**ਸੰਕਟਕਾਲੀਨ ਨਿਕਾਸੀ:**

ਬਹੁ-ਮੰਜਲੀ ਇਮਾਰਤ ਵਾਸਤੇ ਕੁਝ ਸੰਕਟਕਾਲੀਨ ਯੋਜਨਾਵਾਂ ,ਵਿਦਿਆਰਥੀਆਂ ਤੋਂ ਇਹ ਲੋੜਦੀਆਂ ਹਨ ਕਿ ਮਦਦ ਵਾਸਤੇ ਉਡੀਕ ਕਰਨ ਲਈ ਉਹ ਇਮਾਰਤ ਦੇ ਅੰਦਰ ਕਿਸੇ ਪੌੜੀਆਂ ਦੀ ਚੌਂਕੀ ਨੇੜੇ ਜਾਂ ਕਿਸੇ "ਸ਼ਰਣਗਾਹ" (ਸੁਰੱਖਿਅਤ ਟਿਕਾਣਾ) ਨੇੜੇ ਇਕੱਠੇ ਹੋਣ।

3. ਆਪਣੇ ਬੱਚੇ ਵਾਸਤੇ ਸੰਕਟਕਾਲੀਨ ਨਿਕਾਸੀ ਯੋਜਨਾ ਦੀ ਅਧਿਆਪਕ ਦੇ ਨਾਲ ਸਮੀਖਿਆ ਕਰੋ।
4. ਪਤਾ ਕਰੋ ਕਿ ਇੰਚਾਰਜ ਕੌਣ ਹੋਵੇਗਾ ਅਤੇ ਕਿਸੇ ਸੰਕਟਕਾਲ ਵਿੱਚ ਵਿਦਿਆਰਥੀਆਂ ਨੂੰ ਕਿਸ ਤਰ੍ਹਾਂ ਬਚਾਕੇ ਕੱਢਿਆ ਜਾਵੇਗਾ

## ਨੁਕਤਾ 5



**ਵਿਸ਼ੇਸ਼ਤਾਬੱਧ ਜਮਾਤ ਦੇ ਕਮਰੇ:**

ਤਕਨੀਕੀ ਵਿਸ਼ਿਆਂ ,ਜਿਵੇਂ ਕਿ ਭੌਤਿਕ ਵਿਗਿਆਨ ਜਾਂ ਰਾਸਾਇਣ ਵਿਗਿਆਨ ,ਬਾਗਬਾਨੀ ,ਮਕੈਨਿਕਸ ਜਾਂ ਮੀਡੀਆ ਅਧਿਐਨਾਂ ,ਵਾਸਤੇ ਕੁਝ ਵਿਸ਼ੇਸ਼ਤਾਬੱਧ ਜਮਾਤ ਦੇ ਕਮਰਿਆਂ ਵਿੱਚ ਆਉਣਾ-ਜਾਣਾ ਵਧੇਰੇ ਮੁਸ਼ਕਿਲ ਹੋ ਸਕਦਾ ਹੈ ਜਾਂ ਹੋ ਸਕਦਾ ਹੈ ਇਹਨਾਂ ਵਿੱਚ ਅਜਿਹਾ ਸਾਜੋ-ਸਾਮਾਨ ਹੋਵੇ ਜਿਸਦੀ ਵਿਦਿਆਰਥੀ ਵਰਤੋਂ ਕਰਨ ਦੇ ਯੋਗ ਨਾ ਹੋਵੇ। ਕੋਈ ਸਵੈਸੇਵੀ ਜਾਂ ਸਕੂਲ ਦੇ ਬਾਹਰ ਕੋ-ਆਪ ਸਥਾਪਨਾ ਵੀ ਵਿਦਿਆਰਥੀ ਵਾਸਤੇ ਪਹੁੰਚਣਯੋਗਤਾ ਦੀਆਂ ਚੁਣੌਤੀਆਂ ਪੇਸ਼ ਕਰ ਸਕਦੀ ਹੈ।

ਇਹਨਾਂ ਪ੍ਰਸਥਿਤੀਆਂ ਵਿੱਚੋਂ ਹਰੇਕ ਵਿੱਚ ,ਮਾਪੇ ਨੂੰ ਇਹਨਾਂ ਦੀ ਲੋੜ ਹੋ ਸਕਦੀ ਹੈ:

1. ਪਹੁੰਚਣਯੋਗਤਾ ਦੇ ਸ਼ੰਕਿਆਂ ਦੀ ਪਛਾਣ ਕਰਨਾ
2. ਸ਼ੰਕਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਅਤੇ ਹੱਲਾਂ ਦੀ ਪਛਾਣ ਕਰਨ ਲਈ ਸਕੂਲੀ ਅਮਲੇ ਨਾਲ ਮਿਲਣਾ
3. ਰੁਕਾਵਟਾਂ ਨੂੰ ਹਟਾਉਣ ਲਈ ਅਤੇ ਵਿਦਿਆਰਥੀ ਦੀ ਭਾਗੀਦਾਰੀ ਵਿੱਚ ਸਹਾਇਤਾ ਕਰਨ ਲਈ ਇਕੱਠਿਆਂ ਕੰਮ ਕਰਨਾ
4. ਇਹ ਸਮਝਣਾ ਕਿ ਕਈ ਵਾਰੀ ਰੁਕਾਵਟਾਂ ਨੂੰ ਥੋੜ੍ਹੀ ਮਿਆਦ ਵਿੱਚ ਹੱਲ ਨਹੀਂ ਕੀਤਾ ਜਾ ਸਕਦਾ ਅਤੇ ਇਹ ਕਿ ਵਿਦਿਆਰਥੀ ਨੂੰ ਕਿਸੇ ਹੋਰ ਕੋਰਸ ਜਾਂ ਵਿਭਿੰਨ ਸਥਾਪਨਾ ਦੀ ਚੋਣ ਕਰਨ ਦੀ ਲੋੜ ਪੈ ਸਕਦੀ ਹੈ

## ਨੁਕਤਾ 6



**ਵਿਦਿਆਰਥੀ ਨੂੰ ਸੰਮਿਲਤ ਕਰੋ:**

ਜਿਵੇਂ ਜਿਵੇਂ ਉਹ ਵੱਡੇ ਹੁੰਦੇ ਹਨ ,ਵਿਦਿਆਰਥੀਆਂ ਨੂੰ ਸੰਮਿਲਤ ਹੋਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ ਜਦ ਵੀ ਪਹੁੰਚਣਯੋਗਤਾ ਦੀਆਂ ਸਮੱਸਿਆਵਾਂ ਹੁੰਦੀਆਂ ਹਨ।

1. ਆਪਣੇ ਬੱਚੇ ਨੂੰ ਨਵੇਂ ਸਕੂਲ/ਜਮਾਤ ਅਤੇ ਇਸ ਬਾਬਤ ਪੁੱਛੋ ਕਿ ਕਮਰੇ ਜਾਂ ਇਮਾਰਤ ਵਿੱਚ ਇੱਧਰ-ਉੱਧਰ ਆਉਣ-ਜਾਣ ਵਿੱਚ ਉਹਨਾਂ ਨੂੰ ਕੀ ਸਮੱਸਿਆਵਾਂ ਹਨ
2. ਸਮੱਸਿਆ ਬਾਰੇ ਅਤੇ ਇਸ ਬਾਰੇ ਆਪਣੇ ਬੱਚੇ ਨਾਲ ਗੱਲ ਕਰੋ ਕਿ ਉਹਨਾਂ ਦੀ ਪਹੁੰਚਣਯੋਗਤਾ ਵਿੱਚ ਸੁਧਾਰ ਕਿਵੇਂ ਕੀਤਾ ਜਾ ਸਕਦਾ ਹੈ
3. ਥੋੜ੍ਹੇ ਵੱਡੇ ਬੱਚਿਆਂ ਨੂੰ ਸਕੂਲੀ ਬੈਠਕਾਂ ਜਾਂ ਪਹੁੰਚਣਯੋਗਤਾ ਬਾਬਤ ਵਿਚਾਰ-ਵਟਾਂਦਰਿਆਂ ਵਿੱਚ ਸੱਦਾ ਦਿਓ
4. ਜਦ ਤੁਹਾਡਾ ਬੱਚਾ ਤਿਆਰ ਹੋ ਜਾਂਦਾ ਹੈ, ਤਾਂ ਉਹਨਾਂ ਨੂੰ ਸਕੂਲੀ ਅਮਲੇ ਦੇ ਨਾਲ ਸਮੱਸਿਆ ਹੱਲ ਕਰਨ ਅਤੇ ਜਮਾਤ ਦੇ ਕਮਰਿਆਂ ਅਤੇ ਪ੍ਰੋਗਰਾਮਾਂ ਤੱਕ ਉਹਨਾਂ ਦੀ ਪਹੁੰਚ ਵਿੱਚ ਸੁਧਾਰ ਕਰਨ ਲਈ ਤਬਦੀਲੀਆਂ ਵਾਸਤੇ ਵਕਾਲਤ ਕਰਨ ਦੀ ਆਗਵਾਨੀ ਕਰਨ ਦਿਓ

## ਨੁਕਤਾ 7



**ਆਪਣੇ ਅਧਿਕਾਰਾਂ ਨੂੰ ਜਾਣੋ:**

ਓਨਟਾਰੀਓ ਕੋਲ ਅਪੰਗਤਾਵਾਂ ਵਾਲੇ ਲੋਕਾਂ ਦੀ ਰੱਖਿਆ ਕਰਨ ਲਈ ਵਿਧਾਨ ਮੌਜੂਦ ਹੈ ਅਤੇ ਇਹ ਰਿਹਾਇਸ਼ਾਂ ਪ੍ਰਦਾਨ ਕੀਤੀਆਂ ਜਾਣਾ ਲੋੜਦਾ ਹੈ। ਤੁਹਾਡੇ ਬੱਚੇ ਨੂੰ ਜੀਵਨ ਦੀ ਉਸੇ ਗੁਣਵਤਾ ਦਾ ਅਧਿਕਾਰ ਹੈ ਜੋ ਕਿਸੇ ਬਿਨਾਂ ਅਪੰਗਤਾ ਵਾਲੇ ਵਿਅਕਤੀ ਨੂੰ ਹੁੰਦਾ ਹੈ ਅਤੇ ਸਕੂਲਾਂ ,ਰੁਜ਼ਗਾਰਦਾਤਾਵਾਂ ,ਅਤੇ ਜਨਤਕ ਅਦਾਰਿਆਂ ਦਾ "ਕਰੱਤਵ ਵਿਵਸਥਾ ਕਰਨਾ" (ਤੁਹਾਡੇ ਬੱਚੇ ਦੀਆਂ ਲੋੜਾਂ ਦੀ ਵਿਵਸਥਾ ਕਰਨ ਲਈ ਤਬਦੀਲੀਆਂ ਕਰਨਾ) ਹੈ।

1. ਆਪਣੇ ਕਾਨੂੰਨੀ ਅਧਿਕਾਰਾਂ ਅਤੇ ਪ੍ਰਮੁੱਖ ਵਿਧਾਨ ਬਾਰੇ ਪਤਾ ਕਰੋ, ਜਿਸ ਵਿੱਚ ਅਪੰਗਤਾ ਵਾਲੇ ਓਨਟਾਰੀਓ ਵਾਸੀਆਂ ਲਈ ਪਹੁੰਚਣਯੋਗਤਾ ਕਾਨੂੰਨ, ਓਨਟਾਰੀਓ ਮਨੁੱਖੀ ਅਧਿਕਾਰ ਕੋਡ ਸ਼ਾਮਲ ਹਨ।

**ਮਦਦਗਾਰੀ ਵੈੱਬਸਾਈਟਾਂ:**

- **ਅਪੰਗਤਾ ਵਾਲੇ ਓਨਟਾਰੀਓ ਵਾਸੀਆਂ ਲਈ ਪਹੁੰਚਣਯੋਗਤਾ ਕਾਨੂੰਨ** (OADA): www.aoda.ca
- **ARCH ਡਿਸਏਬਿਲਟੀ ਲਾਅ ਸੈਂਟਰ**: www.archdisabilitylaw.ca
  - ਸਿੱਖਿਆ ਕਾਨੂੰਨ
- **ਓਨਟਾਰੀਓ ਮਨੁੱਖੀ ਅਧਿਕਾਰ ਕਮਿਸ਼ਨ:** www.ohrc.on.ca
  - ਪਹੁੰਚਣਯੋਗ ਸਿੱਖਿਆ ਬਾਰੇ ਸੇਧਾਂ
- **ਓਨਟਾਰੀਓ ਭਾਈਚਾਰਕ ਅਤੇ ਸਮਾਜਕ ਸੇਵਾਵਾਂ ਮੰਤਰਾਲਾ** www.mcss.gov.on.ca
  - ਓਨਟਾਰੀਓ ਨੂੰ ਪਹੁੰਚਣਯੋਗ ਬਣਾਉਣਾ